ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 07 ਮਾਰਚ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਦਸ਼ਮੇਸ਼ ਕਲੱਬ, ਰੋਪੜ ਵੱਲੋਂ ਮੈਂਬਰਾਂ ਅਤੇ ਕਾਰਜਾਂ ਦਾ ਵਿਸਤਾਰ ਕਰਨ ਦਾ ਫੈਸਲਾ

ਵਰਲਡ ਪੰਜਾਬੀ ਟਾਈਮਜ਼
ਗੁਰਵਿੰਦਰ ਸਿੰਘ ਰੋਮੀ

ਰੋਪੜ, 07 ਮਾਰਚ : ਇਲਾਕੇ ਦੀ ਉੱਘੀ ਸਮਾਜ-ਸੇਵੀ ਸੰਸਥਾ ਦਸ਼ਮੇਸ਼ ਯੂਥ ਕਲੱਬ ਦੀ ਮੀਟਿੰਗ ਪ੍ਰਧਾਨ ਗੁਰਪ੍ਰੀਤ ਸਿੰਘ ਨਾਗਰਾ ਦੀ ਅਗਵਾਈ ਵਿੱਚ ਹੋਈ। ਜਿਸ ਦੌਰਾਨ ਕੀਤੇ ਗਏ ਕੰਮਾਂ ਦੀ ਸਮੀਖਿਆ ਅਤੇ ਅਰੰਭੇ ਜਾਣ ਵਾਲੇ ਕਾਰਜਾਂ ਬਾਬਤ ਵਿਚਾਰ-ਚਰਚਾ ਕੀਤੀ ਗਈ। ਇਸ ਸਾਲ 'ਹਰਿਆਵਲ ਲਹਿਰ' ਤਹਿਤ ਪਹਿਲਾਂ ਨਾਲੋਂ ਵੱਧ ਬੂਟੇ ਲਗਾਉਣ ਅਤੇ ਖੁਨਦਾਨ/ਮੈਡੀਕਲ ਕੈਂਪਾਂ ਦੀ ਗਿਣਤੀ ਵੀ ਵਧਾਉਣ ਦਾ ਅਹਿਦ ਲਿਆ ਗਿਆ। ਪ੍ਰਧਾਨ ਸਾਹਬ ਨੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਸਮਾਜ ਸੇਵਾ ਲਈ ਅੱਗੇ ਆਉਣ, ਕਲੱਬ ਦਾ ਸਾਥ ਦੇਣ ਅਤੇ ਕਲੱਬ ਨਾਲ ਜੁੜਨ ਦੀ ਅਪੀਲ ਕੀਤੀ। ਨਵੇਂ ਜੁੜੇ ਮੈਂਬਰਾਂ ਦਾ ਕਲੱਬ ਦੀਆਂ ਟੀ-ਸ਼ਰਟਾਂ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਬਲਪ੍ਰੀਤ ਸਿੰਘ, ਅਮਨੀਤ ਸਿੰਘ, ਪਰਮਜੀਤ ਸਿੰਘ, ਅਮਨਪ੍ਰੀਤ ਸਿੰਘ ਜੇਈ, ਸਰਬਜੀਤ ਸਿੰਘ ਭੱਲੜੀ, ਕਿਰਤਪ੍ਰੀਤਸਿੰਘ, ਜਗਪਾਲ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜਰ ਸਨ।

ਜਿਲਾ ਸਿੱਖਿਆ ਅਤੇ ਸਿਖਲਾਈ ਸੰਸਥਾ ਗੁਰਦਾਸਪੁਰ ਵਿਖੇ ਨਵੀਆਂ ਕਲਮਾਂ ਨਵੀਂ ਉਡਾਣ ਦਾ ਕੈਲੰਡਰ ਰੀਲੀਜ਼ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼

ਗੁਰਦਾਸਪੁਰ 7 ਮਾਰਚ : ਅੱਜ " ਨਵੀਆਂ ਕਲਮਾਂ ਨਵੀਂ ਉਡਾਣ "ਟੀਮ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਸਿੱਖਿਆ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਸ੍ਰੀ ਹਰਿੰਦਰ ਸੈਣੀ ਜੀ ,ਸ੍ਰੀ ਨਰੇਸ਼ ਕੁਮਾਰ ਲੈਕਚਰਾਰ ਅੰਗਰੇਜ਼ੀ ,ਅਰਵਿੰਦਰ ਕੌਰ ਦਿਕਸ਼ਾ ਕੋਆਰਡੀਨੇਟਰ ਗੁਰਦਾਸਪੁਰ ,ਧੀਰਜ ਪੁਰੀ ਐਮ ਆਈ ਐੱਸ ਦਿਕਸ਼ਾ ਕੋਆਰਡੀਨੇਟਰ ਗੁਰਦਾਸਪੁਰ ,ਗੁਰਪ੍ਰੀਤ ਸਿੰਘ ਦਿਕਸ਼ਾ ਕੋਆਰਡੀਨੇਟਰ ਗੁਰਦਾਸਪੁਰ ,ਰਣਜੀਤ ਕੌਰ ਬਾਜਵਾ ਪੰਜਾਬੀ (ਸੰਪਾਦਕ ਭਾਗ ਦੂਜਾ (32) ਗੁਰਦਾਸਪੁਰ) ਮਿ ਸਟ੍ਰੈਂਸ ਬੀ ਆਰ ਪੀ ਬਟਾਲਾ - 2,ਰਾਜਬੀਰ ਕੌਰ ਪੰਜਾਬੀ ਮਿਸਟ੍ਰੈਸ ਬੀ ਆਰ ਪੀ ਸ੍ਰੀ ਹਰਿਗੋਬਿੰਦਪੁਰ ਕਰਮਜੀਤ ਕੌਰ ਪੰਜਾਬੀ ਮਿਸਟ੍ਰੈਸ ਬੀ ਆਰ ਪੀ ਗੁਰਦਾਸਪੁਰ -1,ਨਵਨੀਤ ਕੌਰ ਮੈਥ ਮਿਸਟ੍ਰੈਂਸ 'ਬੀ ਆਰ ਪੀ ਬਟਾਲਾ -1 ਵਲੋਂ ਰੀਲੀਜ ਕਰਦੇ ਹੋਏ।

ਇਸ ਮੌਕੇ ਰਣਜੀਤ ਕੌਰ ਬਾਜਵਾ ਵਲੋਂ ਆਪਣੀ ਕਿਤਾਬ ਪ੍ਰਿੰਸੀਪਲ ਸਾਹਿਬ ਨੂੰ ਭੇਟ ਕੀਤੀ ਅਤੇ ਡਾਇਟ ਦੇ ਵਿਦਿਆਰਥੀਆਂ ਨੂੰ ਪ੍ਰੋਜੈਕਟ ਬਾਰੇ ਦੱਸਦਿਆਂ ਆਪਣੀਆਂ ਰਚਨਾਵਾਂ ਭੇਜਣ ਲਈ ਪ੍ਰੇਰਿਤ ਕੀਤਾ।

ਮਾਂ ਬੋਲੀ ਪੰਜਾਬੀ ਦੀ ਮਿਠਾਸ ਭਰਪੂਰ ਰਿਹਾ "ਪੰਜਾਬੀ ਇਕਾਈ ਮਾਨਸਰੋਵਰ ਸਾਹਿਤਕ ਅਕਾਦਮੀ" ਵੱਲੋਂ ਕਰਵਾਇਆ ਕਵੀ ਦਰਬਾਰ- ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼
ਅਰੋੜ ਸਰਨਾ/ ਚੰਡਨ ਸਰਨਾ

ਫ਼ਗਵਾੜਾ 07 ਮਾਰਚ : ਪੰਜਾਬੀ ਮਾਂ ਬੋਲੀ ਲਈ ਵਚਨਬੱਧ ਮਾਨਸਰੋਵਰ ਸਾਹਿਤਕ ਅਕਾ ਦਮੀ ਰਾਜਸਥਾਨ ਵੱਲੋਂ ਕਰਵਾਇਆ ਲਾਈਵ ਕਵੀ ਦਰਬਾਰ ਮਾਂ ਬੋਲੀ ਪੰਜਾਬੀ ਦੀ ਮਿਠਾਸ ਭਰਪੂਰ ਸ਼ਾਨਦਾਰ ਹੋ ਨਿਬੜਿਆ ਅਤੇ ਸਰੋਤਿਆਂ ਦੇ ਵੱਲੋਂ ਮਿਲਿਆ ਭਰਵਾਂ ਹੁੰਗਾਰਾ। ਲੜੀਵਾਰ ਕਵੀ ਦਰਬਾਰ ਨੂੰ ਅੱਗੇ ਵਧਾਉਂਦੇ ਹੋਏ ਮਾਨਸਰੋਵਰ ਸਾਹਿਤਕ ਅਕਾਦਮੀ ਵੱਲੋਂ ਮਿਤੀ 05 ਮਾਰਚ ਦਿਨ ਬੁੱਧਵਾਰ 2025 ਨੂੰ ਸ਼ਾਮ 5 ਵਜੇ ਲਾਈਵ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਕਵੀ ਡਾ.ਜੇ ਐਸ ਟਿੱਕਾ ਸਿੱਧੂ ਜੀ, ਮਨਪੀਤ ਕੌਰ ਭਾਟੀਆ ਜੀ, ਕਸ਼ਮੀਰ ਸਿੰਘ ਜੀ, ਸੁੱਚਾ ਸਿੰਘ ਲੇਹਲ ਜੀ, ਬਲਜੀਤ ਕੌਰ ਝੂਟੀ ਜੀ ਨੇ ਬਹੁਤ ਹੀ ਪਿਆਰ ਨਾਲ ਹਾਜ਼ਰੀ ਭਰੀ। ਕਵੀ ਦਰਬਾਰ ਦਾ ਆਗਾਜ਼ ਪ੍ਰੋਗਰਾਮ ਸੰਚਾਲਕ ਮਹਿੰਦਰ ਸੂਦ ਵਿਰਕ ਜੀ ਨੇ ਮਾਂ ਬੋਲੀ ਪੰਜਾਬੀ ਦੇ ਮਿਠਾਸ ਭਰਪੂਰ ਬੋਲਾਂ ਦੇ ਨਾਲ ਸ਼ਾਨਦਾਰ ਅੰਦਾਜ਼ ਵਿੱਚ ਪੇਸ਼ ਕਰਕੇ ਕੀਤਾ। ਡਾ.ਜੇ ਐਸ ਟਿੱਕਾ ਸਿੱਧੂ ਜੀ ਨੇ ਆਪਣੀਆਂ ਤਿੰਨ ਬਾ-ਕਮਾਲ ਗ਼ਜ਼ਲਾਂ ਦੇ ਨਾਲ ਹਾਜ਼ਰੀ ਲਗਾਈ ਅਤੇ ਬਲਜੀਤ ਕੌਰ ਝੂਟੀ ਜੀ ਨੇ ਦਿਲ ਨੂੰ ਛੂਹਣ ਵਾਲੀ ਆਪਣੀਆਂ ਦੋ ਕਵਿਤਾਵਾਂ ਪੇਸ਼ ਕੀਤੀਆਂ। ਸੁੱਚਾ ਸਿੰਘ ਲੇਹਲ ਜੀ ਨੇ ਵੀ ਦੋ ਕਵਿਤਾਵਾਂ ਨਾਲ ਖੂਬ ਸਮਾਂ ਬੰਨ੍ਹਿਆ। ਕਸ਼ਮੀਰ ਸਿੰਘ ਜੀ ਨੇ ਵੀ ਦੋ ਕਵਿਤਾਵਾਂ ਦੇ ਨਾਲ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਮਨਪੀਤ ਕੌਰ ਭਾਟੀਆ ਜੀ ਨੇ ਵੀ ਦੋ ਕਵਿਤਾਵਾਂ ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਪ੍ਰੋਗਰਾਮ ਦੇ ਪ੍ਰਬੰਧਕ ਅਤੇ ਸਾਹਿਤਕ ਅਕਾਦਮੀ ਦੇ ਸਚਿਵ ਇਕਬਾਲ ਸਿੰਘ ਸਹੇਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਸੰਸਥਾ ਦੇ ਚੇਅਰਮੈਨ ਮੈਡਮ ਸੀਮਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਸਾਰੇ ਕਵੀਆਂ ਨੇ ਪੰਜਾਬੀ ਮਾਂ ਬੋਲੀ ਲਈ ਵਚਨਬੱਧ ਮਾਨਸਰੋਵਰ ਸਾਹਿਤਕ ਅਕਾਦਮੀ ਰਾਜਸਥਾਨ ਦੇ ਇਸ ਉਪਰਾਲੇ ਦਾ ਦਿਲੋਂ ਸੁਆਗਤ ਕੀਤਾ। ਸੰਚਾਲਕ ਮਹਿੰਦਰ ਸੂਦ ਵਿਰਕ ਜੀ ਨੇ ਅਖ਼ੀਰ ਵਿੱਚ ਸਭ ਕਲਮਕਾਰਾਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਦੀ ਮਿਠਾਸ ਨਾਲ ਹਰ ਘਰ ਪੰਜਾਬੀਅਤ ਦਾ ਬੂਟਾ ਲਗਾਉਣ ਦਾ ਸੁਨੇਹਾ ਦਿੱਤਾ।

ਇਟਲੀ : ਭਾਰਤੀ ਅੰਬੈਸੀ ਦੁਆਰਾ ਲਗਾਏ ਪਾਸਪੋਰਟ ਕੈਂਪ ਤੋਂ ਭਾਰਤੀਆਂ ਨੇ ਲਿਆ ਲਾਹਾ



ਮਿਲਾਨ, 7 ਮਾਰਚ : ਇਟਲੀ ਵਿੱਚ ਭਾਰਤੀ ਅੰਬੈਸੀ ਰੋਮ ਵੱਲੋਂ ਭਾਰਤੀਆਂ ਦੀ ਮੱਦਦ ਦੇ ਉਦੇਸ਼ ਪਾਸਪੋਰਟ ਕੈਂਪ ਲਗਾਇਆ ਗਿਆ ਤਾਂ ਕਿ ਭਾਰਤੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾਵੇ। ਲਈ ਸੇਵਾ ਵਿੱਚ ਹਾਜ਼ਰ ਹੁੰਦੀ ਹੈ।ਇਟਲੀ ਦੇ ਸਥਾਨਕ ਭਾਰਤੀਆਂ ਦੀਆਂ ਸਮੱਸਿਆਵਾਂ ਨੂੰ ਉਹਨਾਂ ਦੇ ਇਲਾਕਿਆਂ ਵਿੱਚ ਜਾਕੇ ਹੱਲ ਕਰਨ ਤਹਿਤ ਭਾਰਤੀ ਅੰਬੈਸੀ ਰੋਮ ਨੇ ਰਾਜਦੂਤ ਮੈਡਮ ਵਾਣੀ ਰਾਓ ਦੀ ਦਿਸ਼ਾ-ਨਿਰਦੇਸ਼ ਤਹਿਤ ਵਿਸ਼ੇਸ਼ ਪਾਸਪੋਰਟ ਕੈਂਪ ਲਗਾਉਣੇ ਸ਼ੁਰੂ ਕੀਤੇ ਹਨ ਤਾਂ ਜੋ ਜਿਹੜੇ ਭਾਰਤੀ ਕੰਮਾਂ ਦੇ ਰੁਝੇਵਿਆਂ ਕਾਰਨ ਜਾਂ ਦੂਰ-ਦੁਰਾਡੇ ਇਲਾਕਿਆਂ ਵਿੱਚ ਰਹਿੰਦੇ ਹੋਣ ਕਾਰਨ ਅੰਬੈਸੀ ਦੀਆਂ ਪੇਪਰਾਂ ਸੰਬਧੀ ਸੇਵਾਵਾਂ ਲੈਣ ਲਈ ਅਸਮੱਰਥ ਹੁੰਦੇ ਹਨ ਉਹ ਬਿਨ੍ਹਾਂ ਆਪਣੇ ਕੰਮ ਦਾ ਨੁਕਸਾਨ ਕੀਤੇ ਅੰਬੈਸੀ ਦੀਆਂ ਸੇਵਾਵਾਂ ਨਿਰਵਿਘਨ ਪ੍ਰਾਪਤ ਕਰ ਸਕਣ। ਜ਼ਿਕਰਯੋਗ ਹੈ ਕਿ ਭਾਰਤੀ ਅੰਬੈਸੀ ਰੋਮ ਨੇ ਹਾਲ ਹੀ ਵਿੱਚ ਰਿਜੋਕਲਾਬਰੀਆ ਤੇ ਸਲੇਰਨੋ ਆਦਿ ਇਲਾਕਿਆਂ ਵਿੱਚ ਕਾਮਯਾਬ ਪਾਸ ਪੋਰਟ ਕੈਂਪਾਂ ਦੁਆਰਾ ਭਾਰਤੀ ਭਾਈਚਾਰੇ ਦੀ ਭਰਪੂਰ ਸੇਵਾ ਕੀਤੀ ਤੇ ਇਲਾਕਾ ਬਾਰੀ ਵਿਖੇ ਵਿਸ਼ੇਸ਼ ਪਾਸਪੋਰਟ ਕੈਂਪ ਸਥਾਨਕ ਨਗਰ ਕੌਂਸਲ ਦੇ ਸਹਿਯੋਗ ਨਾਲ ਲਗਾਇਆ। ਇਸ ਕੈਂਪ ਵਿੱਚ ਭਾਰਤੀ ਅੰਬੈਸੀ ਰੋਮ ਦੇ ਫ਼ਸਟ ਸੈਕਟਰੀ,ਹੋਰ ਅਧਿਕਾਰੀਆਂ ਤੋਂ ਇਲਾਵਾ ਬਾਰੀ ਦੇ ਮੇਅਰ ਵੀਤੋ ਲੇਚੇਜੇ ਨੇ ਵੀ ਸ਼ਿਰਕਤ ਕੀਤੀ।ਮੇਅਰ ਵੱਲੋਂ ਫ਼ਸਟ ਸੈਕਟਰੀ ਦਾ ਸਿੱਥੇ ਨਿੱਘਾ ਸਵਾਗਤ ਕੀਤਾ ਉੱਥੇ ਵਿਸ਼ੇਸ਼ ਸਨਮਾਨ ਵੀ ਕੀਤਾ।ਇਸ ਕੈਂਪ 300 ਦੇ ਕਰੀਬ ਭਾਰਤੀਆਂ ਨੇ ਲਾਭ ਲਿਆ।ਇਸ ਮੌਕੇ ਭਾਰਤੀਆਂ ਨੂੰ ਨਵੇਂ ਬਣੇ ਪਾਸਪੋਰਟ ਦੇਣ,ਓ ਸੀ ਆਈ ਕਾਰਡ ਦੇ ਨਾਲ ਹੋਰ ਵੀ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆ ਗਈਆਂ ।

ਸਰਕਾਰੀ ਰਣਬੀਰ ਕਾਲਜ ਸੰਗਰੂਰ ਦਾ 77ਵਾਂ ਸਾਲਾਨਾ ਖੇਡ ਸਮਾਰੋਹ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼

ਸੰਗਰੂਰ 7 ਮਾਰਚ : ਸਰਕਾਰੀ ਰਣਬੀਰ ਕਾਲਜ ਸੰਗਰੂਰ ਦਾ 77ਵਾਂ ਸਾਲਾਨਾ ਖੇਡ ਸਮਾਰੋਹ ਪ੍ਰੋਫੈਸਰ ਰਚਨਾ ਭਾਰਦਵਾਜ਼ ਡੀ.ਡੀ.ਓ. ਕਮ ਪ੍ਰਿੰਸੀਪਲ ਦੀ ਰਹਿਨੁਮਾਈ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਮੁੱਖੀ ਡਾ. ਹਰਦੀਪ ਸਿੰਘ ਅਤੇ ਉਹਨਾਂ ਦੇ ਸਹਿਯੋਗੀ ਪ੍ਰੋਫੈਸਰ ਸਤਨਾਮ ਦਾਸ ਅਤੇ ਪ੍ਰੋਫੈਸਰ ਮੁਹੰਮਦ ਤਨਵੀਰ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਜਿਸ ਦਾ ਉਦਘਾਟਨ ਪ੍ਰੋਫੈਸਰ ਇਰਸ਼ਾਦ ਅਹਿਮਦ ਖਾਨ ਰਿਟਾਇਰਡ ਪ੍ਰਿੰਸੀਪਲ ਸਰਕਾਰੀ ਕਾਲਜ, ਮਾਨਸਾ ਵੱਲੋਂ ਕੀਤਾ ਗਿਆ। ਉਨਾਂ ਨੇ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਖੇਡਾਂ ਦੀ ਮਹੱਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਖੇਡਾਂ ਜਿੱਥੇ ਸਾਨੂੰ ਸਿਹਤਮੰਦ ਰੱਖਣ ਲਈ ਸਹਾਈ ਹਨ ਉੱਥੇ ਇਹਨਾਂ ਦੀ ਬਦੌਲਤ ਅਸੀਂ ਨਸ਼ਿਆਂ ਦੀ ਮਾੜੀ ਅਲਾਮਤ ਤੋਂ ਵੀ ਬਚੇ ਰਹਿਦੇ ਹਾਂ । ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਪ੍ਰੋਫੈਸਰ ਰਚਨਾ ਭਾਰਦਵਾਜ ਪ੍ਰਿੰਸੀਪਲ ਡਾਕਟਰ ਬੀ. ਆਰ. ਅੰਬੇਦਕਰ ਸਰਕਾਰੀ ਡਿਗਰੀ ਕਾਲਜ ਰੋਸ਼ਨਵਾਲਾ ਨੇ ਆਪਣੇ ਕਰ ਕਮਲਾਂ ਨਾਲ ਕੀਤੀ । ਇਸ ਖੇਡ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਪ੍ਰੋਫੈਸਰ ਮੰਜੂ ਬਾਲੀਆ ਪ੍ਰਿੰਸੀਪਲ, ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ, ਪਟਿਆਲਾ ਨੇ ਖਿਡਾਰੀਆਂ ਨੂੰ ਖੇਡਾਂ ਨਾਲ ਹਮੇਸ਼ਾ ਜੁੜੇ ਰਹਿਣ ਲਈ ਆਖਿਆ। ਇਸ ਖੇਡ ਸਮਾਰੋਹ ਦੀ ਸੋਭਾ ਵਧਾਉਣ ਲਈ ਕਾਲਜ ਦੇ ਰਿਟਾਇਰਡ ਪ੍ਰੋਫੈਸਰ ਜਗਜੀਤ ਸਿੰਘ ਭੁੱਲਰ, ਜਗਰੂਪ ਸਿੰਘ, ਮਹਿੰਦਰ ਸਿੰਘ, ਜਗਤਾਰ ਸਿੰਘ ਅਤੇ ਪੁਰਾਣੇ ਵਿਦਿਆਰਥੀ ਰਹੇ ਰਵੀ ਦਿਉਲ, ਕਰਨ ਬਾਕਸਰ ਅਤੇ ਕਈ ਹੋਰਾਂ ਨੇ ਸਿਰਕਤ ਕੀਤੀ। ਲੜਕੀਆਂ ਵਿੱਚੋਂ ਸ਼ਾਲਿਨੀ ਬੀ.ਏ. ਭਾਗ ਦੂਜਾ ਅਤੇ ਲੜਕਿਆਂ ਵਿੱਚੋਂ ਮਨਿੰਦਰ ਸਿੰਘ ਬੀ.ਏ. ਭਾਗ ਤੀਜਾ ਬੈਸਟ ਅਥਲੀਟ ਚੁਣੇ ਗਏ।

ਕਾਲਜ ਦੇ ਖਿਡਾਰੀਆਂ ਨੇ ਵੱਖ-ਵੱਖ ਖੇਡ ਇਵੈਂਟਾਂ ਵਿੱਚ ਜੋ ਪ੍ਰਾਪਤੀਆਂ ਕੀਤੀਆਂ ਹਨ ਦਾ ਵੇਰਵਾ ਇਸ ਪ੍ਰਕਾਰ ਹੈ :

ਲੜਕੀਆਂ ਵਿੱਚੋਂ ਉਚੀ ਛਾਲ ਵਿੱਚ ਅਰਸ਼ਦੀਪ ਕੌਰ, ਸ਼ਾਲਿਨੀ, ਅਵਤਾਰ ਕੌਰ, 200 ਮੀਟਰ ਦੌੜ ਵਿੱਚ ਸ਼ਾਲਿਨੀ, ਰਮਨਦੀਪ ਕੌਰ, ਜਸ਼ਨਦੀਪ ਕੌਰ , 400 ਮੀਟਰ ਦੌੜ ਵਿੱਚ ਰਮਨਦੀਪ ਕੌਰ, ਸੁਖਵਿੰਦਰ ਕੌਰ, ਦਿਲਪ੍ਰੀਤ ਕੌਰ, 100 ਮੀਟਰ ਦੌੜ ਵਿੱਚ ਰਮਨਦੀਪ ਕੌਰ, ਸ਼ਾਲਿਨੀ, ਅਰਸ਼ਦੀਪ ਕੌਰ, ਗੇਲਾ ਸੁੱਟਣ ਵਿੱਚ ਅਵਤਾਰ ਕੌਰ ਸ਼ਾਲਿਨੀ, ਦਿਲਪ੍ਰੀਤ ਕੌਰ, ਤਿੰਨ ਟੰਗੀ ਰੇਸ ਵਿੱਚ ਅਵਤਾਰ ਕੌਰ, ਦਿਲਪ੍ਰੀਤ ਕੌਰ, ਮਨਪ੍ਰੀਤ ਕੌਰ, ਗਗਨਦੀਪ ਕੌਰ, ਸਿਮਰਨਜੀਤ ਕੌਰ, ਸ਼ਿਵਾਨੀ, ਡਿਸਕਸ ਥਰੋਅ ਵਿੱਚ ਅਵਤਾਰ ਕੌਰ, ਜਸ਼ਨਦੀਪ ਕੌਰ, ਦਿਲਪ੍ਰੀਤ ਕੌਰ, ,ਲੰਮੀ ਛਾਲ ਵਿੱਚ ਰਮਨਪ੍ਰੀਤ ਕੌਰ, ਸ਼ਾਲਿਨੀ, ਬਲਜਿੰਦਰ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਸਥਾਨ ਹਾਸਲ ਕੀਤਾ।

ਲੜਕਿਆਂ ਵਿੱਚੋਂ 100 ਮੀਟਰ ਦੌੜ ਵਿੱਚ ਅੰਮ੍ਰਿਤ ਸਿੰਘ, ਲਖਵਿੰਦਰ ਸਿੰਘ, ਆਰੀਅਨ, 200 ਮੀਟਰ ਦੌੜ ਵਿੱਚ ਮਨਿੰਦਰ ਸਿੰਘ ਸੈਟੀ ਸਿੰਘ, ਗੁਰਸੇਵਕ ਸਿੰਘ , 400 ਮੀਟਰ ਦੌੜ ਵਿੱਚ ਸਤਬੀਰ ਸਿੰਘ, ਸਾਹਿਲ ਪ੍ਰੀਤ ਸਿੰਘ, ਮਨਿੰਦਰ ਸਿੰਘ , 800 ਮੀਟਰ ਦੌੜ ਵਿੱਚ ਸਤਬੀਰ ਸਿੰਘ, ਸਾਹਿਲਪ੍ਰੀਤ ਸਿੰਘ, ਹਰਪ੍ਰੀਤ ਸਿੰਘ , 1500 ਮੀਟਰ ਦੌੜ ਵਿੱਚ ਸਤਬੀਰ ਸਿੰਘ, ਗੁਰਸੇਵਕ ਸਿੰਘ, ਹਰਪ੍ਰੀਤ ਸਿੰਘ, ਲੰਮੀ ਛਾਲ ਵਿੱਚ ਮਨਿੰਦਰ ਸਿੰਘ, ਆਰੀਅਨ ਸਨੀ, ਗੇਲਾ ਸੁੱਟਣ ਵਿੱਚ ਕਰਮਜੀਤ ਸਿੰਘ, ਗਗਨਦੀਪ ਸਿੰਘ, ਸੈਮ ਕਟਾਰੀਆ, ਥੋਰੀ ਰੇਸ ਵਿੱਚ ਗੁਰਵਿੰਦਰ ਸਿੰਘ, ਗੁਰਵਿੰਦਰ ਸਿੰਘ, ਆਕਾਸਦੀਪ ਸਿੰਘ, ਡਿਸਕਸ ਥਰੋਅ ਵਿੱਚ ਮਨਿੰਦਰ ਸਿੰਘ, ਮਨਜਿੰਦਰ ਸਿੰਘ, ਗਗਨਪ੍ਰੀਤ ਸਿੰਘ, ਉੱਚੀ ਛਾਲ ਵਿੱਚ ਸਨੀ, ਮਨਿੰਦਰ ਸਿੰਘ, ਹਰਮਨਦੀਪ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਸਥਾਨ ਹਾਸਲ ਕੀਤਾ।

ਸਰਕਾਰੀ ਹਾਈ ਸਕੂਲ ਸੁਰਗਾਪੁਰੀ ਵਿਖੇ ਕਰਵਾਇਆ ਗਿਆ 'ਲੈਕਚਰ'

ਵਰਲਡ ਪੰਜਾਬੀ ਟਾਈਮਜ਼

ਸੰਗਰੂਰ 7 ਮਾਰਚ : ਸਰਕਾਰੀ ਰਣਬੀਰ ਕਾਲਜ ਸੰਗਰੂਰ ਦਾ 77ਵਾਂ ਸਾਲਾਨਾ ਖੇਡ ਸਮਾਰੋਹ ਪ੍ਰੋਫੈਸਰ ਰਚਨਾ ਭਾਰਦਵਾਜ਼ ਡੀ.ਡੀ.ਓ. ਕਮ ਪ੍ਰਿੰਸੀਪਲ ਦੀ ਰਹਿਨੁਮਾਈ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਮੁੱਖੀ ਡਾ. ਹਰਦੀਪ ਸਿੰਘ ਅਤੇ ਉਹਨਾਂ ਦੇ ਸਹਿਯੋਗੀ ਪ੍ਰੋਫੈਸਰ ਸਤਨਾਮ ਦਾਸ ਅਤੇ ਪ੍ਰੋਫੈਸਰ ਮੁਹੰਮਦ ਤਨਵੀਰ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਜਿਸ ਦਾ ਉਦਘਾਟਨ ਪ੍ਰੋਫੈਸਰ ਇਰਸ਼ਾਦ ਅਹਿਮਦ ਖਾਨ ਰਿਟਾਇਰਡ ਪ੍ਰਿੰਸੀਪਲ ਸਰਕਾਰੀ ਕਾਲਜ, ਮਾਨਸਾ ਵੱਲੋਂ ਕੀਤਾ ਗਿਆ। ਉਨਾਂ ਨੇ ਖਿਡਾਰੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਖੇਡਾਂ ਜਿੱਥੇ ਸਾਨੂੰ ਸਿਹਤਮੰਦ ਰੱਖਣ ਲਈ ਸਹਾਈ ਹਨ ਉੱਥੇ ਇਹਨਾਂ ਦੀ ਬਦੌਲਤ ਅਸੀਂ ਨਸ਼ਿਆਂ ਦੀ ਮਾੜੀ ਅਲਾਮਤ ਤੋਂ ਵੀ ਬਚੇ ਰਹਿਦੇ ਹਾਂ । ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਸਮਾਪ